# April 8 & 9, 2021
# Level 2 Homework

**1.** Watch the following video for today's lesson:

- https://www.youtube.com/watch?v=6kYFOQx7mak

**2.** Write and memorize Moharni with the following letters: **ਸ, ਹ, ਕ, ਜ, ਬ, ਦ, ਨ, ਚ.**

Example:

| | M | K | S | B | O | DU | L | DUL | H | K | T | B | ADHAK |
|---|---|---|---|---|---|---|---|---|---|---|---|---|---|
| | **ਹ** | **ਹਾ** | **ਹਿ** | **ਹੀ** | **ਹੁ** | **ਹੂ** | **ਹੇ** | **ਹੈ** | **ਹੋ** | **ਹੌ** | **ਹੰ** | **ਹਂ** | **ਹੱਥ** |
| | h | haa | hi | hee | hu | hou | hay | haai | ho | haw | nasal | nasal | stress |

**3.** Write 30 words using any symbols with 2-5 letters Ex. ਬਿੱਲੀ, ਅੰਦਾਜ਼ਾ, ਇਮਾਨਦਾਰ, ਕੀਰਤਨ, ਸੁਪਨਾ, ਸੂਰਬੀਰ, ਅਨੋਖਾ

**4.** Read and write small sentences Ex. ਅੱਜ ਸਕੂਲ ਵਿੱਚ ਛੁੱਟੀ ਹੈ।

**5.** Memorize numbers up to 75

**6.** Memorize both sides of the purple sheet.

**7.** Read and write the highlighted paragraph below

GURMAT CENTER SINCE 1993

# ਗਰਮੀਆਂ ਦੀ ਰੁੱਤ

ਗਰਮੀਆਂ ਦੀ ਰੁੱਤ ਸੀ। ਬੱਚੇ ਗਰਮੀਆਂ ਦੀ ਰੁੱਤ ਨੂੰ ਬਹੁਤ ਪਸੰਦ ਕਰਦੇ ਹਨ। ਉਹ ਸਾਰਾ ਦਿਨ ਘਰ ਤੋਂ ਬਾਹਰ ਰਹਿਣਾ ਚਾਹੁੰਦੇ ਹਨ। ਪਾਰਕਾਂ ਵਿੱਚ ਫੁਟਬਾਲ ਅਤੇ ਹੋਰ ਕਈ ਖੇਡਾਂ ਖੇਡਦੇ ਹਨ। ਕਈ ਬੱਚੇ ਤਾਂ ਆਪਣਾ ਖਾਣ ਪੀਣ ਦਾ ਸਮਾਂ ਵੀ ਭੁੱਲ ਜਾਂਦੇ ਹਨ ਅਤੇ ਖੇਡਾਂ ਵਿੱਚ ਹੀ ਮਸਤ ਰਹਿੰਦੇ ਹਨ।

ਬੁੱਢੇ ਲੋਕ ਵੀ ਗਰਮੀਆਂ ਨੂੰ ਬਹੁਤ ਪਸੰਦ ਕਰਦੇ ਹਨ। ਉਹ ਵੀ ਪਾਰਕਾਂ ਵਿੱਚ ਜਾ ਕੇ ਇੱਕ ਦੂਜੇ ਨਾਲ ਗੱਲਾਂ ਕਰਦੇ ਹਨ। ਅਖ਼ਬਾਰਾਂ ਦੀਆਂ ਖ਼ਬਰਾਂ ਇੱਕ ਦੂਜੇ ਨੂੰ ਸੁਣਾਉਂਦੇ ਹਨ। ਕਈ ਬੁੱਢੇ ਲੋਕ ਆਪਣੀਆਂ ਔਕੜਾਂ ਇੱਕ ਦੂਜੇ ਨੂੰ ਦੱਸਦੇ ਹਨ। ਕਈ ਤਾਸ਼ ਖੇਡਦੇ ਹਨ ਅਤੇ ਇੱਕ ਦੂਜੇ ਨੂੰ ਮਖ਼ੌਲ ਕਰਦੇ ਹਨ। ਉਹ ਸਰਦੀਆਂ ਨੂੰ ਬਿਲਕੁਲ ਪਸੰਦ ਨਹੀਂ ਕਰਦੇ ਕਿਉਂਕਿ ਸਰਦੀਆਂ ਨੂੰ ਉਹ ਘਰਾਂ ਵਿੱਚ ਹੀ ਬੰਦ ਰਹਿੰਦੇ ਹਨ।

ਇੱਕ ਦਿਨ ਬਹੁਤ ਗਰਮੀ ਸੀ। ਇੱਕ ਆਈਸ-ਕਰੀਮ ਵਾਲੀ ਵੈਨ ਸਾਡੇ ਘਰ ਦੇ ਸਾਹਮਣੇ ਆ ਕੇ ਖੜ੍ਹ ਗਈ। ਵੈਨ ਵਾਲੇ ਨੇ ਘੰਟੀਆਂ ਵਜਾਉਣੀਆਂ ਸ਼ੁਰੂ ਕੀਤੀਆਂ। ਘੰਟੀਆਂ ਦੀ ਆਵਾਜ਼ ਸੁਣ ਕੇ ਆਂਢ ਗੁਆਂਢ ਦੇ ਬੱਚੇ ਵੈਨ ਵੱਲ ਭੱਜਣ ਲੱਗੇ। ਕਈ ਬੱਚੇ ਤਾਂ ਆਪਣੀਆਂ ਖੇਡਾਂ ਨੂੰ ਵੀ ਵਿਚਾਲੇ ਹੀ ਛੱਡ ਕੇ ਦੌੜੇ। ਗਰਮੀਆਂ ਦੀ ਰੁੱਤ ਵਿੱਚ ਬੱਚੇ ਆਈਸ-ਕਰੀਮ ਨੂੰ ਬਹੁਤ ਪਸੰਦ ਕਰਦੇ ਹਨ।